ਦੁਨੀਆਂ ਦਾ ਇਕੋ ਇਕ ਬਾਬਾ ਨਾਨਕ ਜੋ ਰੁੱਖ ਵਾਂਗ, ਅਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਵੀ ਦੇਂਦਾ ਹੀ ਦੇਂਦਾ ਹੈ, ਲੈਂਦਾ ਕੁੱਝ ਵੀ ਨਹੀਂ

- ਜੋਗਿੰਦਰ ਸਿੰਘ

ਪਿਤਾ ਨੇ ਬਾਬੇ ਨਾਨਕ ਨੂੰ 20 ਰੁਪਏ ਦਿਤੇ ਤਾਕਿ ਪੁੱਤਰ ਕੋਈ ਕਰਿਆਨੇ ਜਾਂ ਪਸ਼ਾਰੀ ਦੀ ਵੱਡੀ ਹੋਟੀ ਪਾ ਕੇ ਵੱਡਾ ਵਪਾਰ ਸ਼ੁਰੂ ਕਰ ਲਵੇ। ਇਹ ਉਹ ਸਮੇਂ ਸਨ ਜਦ ਵਪਾਰ ਸ਼ੁਰੂ ਕਰਨ ਲਈ ਦੋ ਤਿੰਨ ਰੁਪਏ ਹੀ ਕਾਫ਼ੀ ਸਮਝੇ ਜਾਂਦੇ ਸਨ। ਇਹ ਉਹ ਸਮਾਂ ਸੀ ਜਦੋਂ ਪੈਸਿਆਂ ਤੇ ਆਨਿਆਂ ਦੇ ਹੀ ਦਰਸ਼ਨ ਹੋਇਆ ਕਰਦੇ ਸਨ। ਰੁਪਿਆ ਤਾਂ ਕਿਸੇ ਭਾਗਾਂ ਵਾਲੇ ਨੂੰ ਹੀ ਢੋਚਣਾ ਨਸੀਬ ਹੁੰਦਾ ਸੀ। ਇਕ ਅੰਸ਼ਕ ਘਰ ਦਾ ਮਹੀਨੇ ਦਾ ਖ਼ਰਚ ਦੋ ਜਾਂ ਤਿੰਨ ਰੁਪਏ (ਮਹੀਨੇ ਦਾ) ਤੋਂ ਵੱਧ ਨਹੀਂ ਸੀ ਹੁੰਦਾ। 20 ਰੁਪਏ ਵਿਚ ਤਾਂ ਬਹੁਤ ਵੱਡਾ ਵਪਾਰ ਲਾਹੌਰ ਸ਼ਹਿਰ ਵਿਚ ਵੀ ਸ਼ੁਰੂ ਕੀਤਾ ਜਾ ਸਕਦਾ ਸੀ ਤੇ ਪਹਿਲੇ ਦਿਨ ਤੋਂ ਹੀ 'ਸੰਨ' ਅਖਵਾਇਆ ਜਾ ਸਕਦਾ ਸੀ। ਪੰਜਾਬ ਵਿਚ 'ਧਾਰੀ ਬਾਹ ਦੀ ਹੋਟੀ' ਦੇ ਨਾਂ ਤੇ ਪੰਜਾਬੀਆਂ ਦੇ ਪ੍ਰਚਾਰ ਦਾ ਵੱਡਾ ਵਪਾਰ ਆਜ਼ਾਦੀ ਤੋਂ ਪਹਿਲਾਂ ਚਲਿਆ ਕਰਦਾ ਸੀ। ਇਹ ਵਪਾਰ 10 ਰੁਪਏ ਨਾਲ, 200 ਸਾਲ ਪਹਿਲਾਂ ਸ਼ੁਰੂ ਹੋਇਆ ਸੀ ਤੇ ਆਜ਼ਾਦੀ ਤੋਂ ਪਹਿਲਾਂ ਵੀ ਲੱਖਾਂ ਦਾ ਵਪਾਰ ਬਣ ਗਿਆ ਸੀ। 10 ਰੁਪਏ ਨਾਲ ਸ਼ੁਰੂ ਕੀਤੀ 'ਧਾਰੀ ਬਾਹ ਦੀ ਹੋਟੀ' ਸ਼ਾਇਦ ਅੱਜਾਰਾਂ ਡਾਉਣੀ ਵਿਚ ਅੱਜ ਵੀ ਚਲ ਰਹੀ ਹੈ। ਬਾਬਾ ਨਾਨਕ ਵੀ 20 ਰੁਪਏ ਦੀ ਤਗੜੀ 'ਨਾਨਕ ਦੀ ਹੋਟੀ' ਪਾ ਲੈਂਦਾ ਤਾਂ ਅੱਜ ਦਿੱਲੀ, ਚੰਡੀਗੜ੍ਹ ਜਾਂ ਲੁਧਿਆਣੇ ਵਿਚ ਕਰੋੜਾਂ ਦੀ ਖੇਡ ਚਲ ਰਹੀ ਹੁੰਦੀ।

ਬਾਬੇ ਨਾਨਕ ਨੇ 20 ਰੁਪਏ ਦੇ ਵਪਾਰ ਨਾਲ ਆਪ 'ਸੰਨ' ਬਣਨ ਦੀ ਬਜਾਏ, ਲੋੜਵੰਦਾਂ ਦੀ ਫ਼ਾਲ ਕੀਤੀ ਜਿਨ੍ਹਾਂ ਨੂੰ 20 ਰੁਪਿਆਂ ਨਾਲ ਅਪਣੇ ਪੈਰਾਂ ਤੇ ਖੜਾ ਕਰ ਕੇ, ਉਨ੍ਹਾਂ ਨੂੰ ਸੰਨ ਬਣਾਇਆ ਜਾ ਸਕੇ ਕਿਉਂਕਿ ਛੋਟੀ ਉਮਰ ਵਿਚ ਹੀ ਬਾਬੇ ਨਾਨਕ ਨੇ ਅਪਣੇ ਲਈ ਡਕਲੀਕੀ ਦਾ ਰਾਹ ਚੁਣ ਲਿਆ ਹੋਇਆ ਸੀ। ਜਦ ਪਿਤਾ ਨੂੰ ਪਤਾ ਲੱਗਾ ਕਿ 20 ਰੁਪਏ ਨਾਲ ਵੱਡਾ ਵਪਾਰੀ ਬਣ ਕੇ ਵਿਖਾਣ ਦੀ ਥਾਂ, ਪੁੱਤਰ ਦੁਨਿਆਂ ਨੂੰ ਅਪਣੇ ਪੈਰਾਂ 'ਤੇ ਖੜੇ ਕਰਨ ਦੀਆਂ ਗੱਲਾਂ ਕਰ ਰਿਹਾ ਹੈ ਤਾਂ ਬਾਪ ਨੇ ਚਪੇੜ ਕੱਢ ਮਾਰੀ। ਉਸ ਜ਼ਮਾਨੇ ਵਿਚ 20 ਰੁਪਏ ਅੱਜ ਦੇ 20 ਕਰੋੜ ਰੁਪਿਆਂ ਦੇ ਬਰਾਬਰ ਹੋਣਗੇ ਤੇ ਪਿਤਾ ਨੂੰ ਦੁੱਖ ਸੀ ਕਿ ਏਨੀ ਵੱਡੀ ਰਕਮ ਬਾਪ ਕੋਲੋਂ ਲੈ ਕੇ ਵੀ ਪੁੱਤਰ 'ਵੱਡਾ ਵਪਾਰੀ' ਬਣਨ ਦੀ ਨਹੀਂ ਸੋਚ ਸਕਿਆ। ਜਿਹੜੇ 'ਸਾਧੀਕਾਰਾਂ' ਨੇ '20 ਰੁਪਏ ਸਾਧੂਆਂ ਨੂੰ ਰੋਟੀ ਖੁਆਉਣ ਤੇ ਮੁਰਚ ਦਿਤੇ' ਲਿਖਿਆ ਹੈ, ਉਹ ਸਾਧੂਆਂ ਨੂੰ ਖਵਾਉਣ ਤੋਂ ਬਿਨਾਂ, ਧਨ ਦੇ ਕਿਸੇ ਹੋਰ ਪ੍ਰਯੋਗ ਨੂੰ 'ਪੁੰਨ ਦਾ ਕੰਮ' ਮੰਨਦੇ ਹੀ ਨਹੀਂ ਸਨ, ਸੋ ਉਨ੍ਹਾਂ ਨੇ ਇਹ ਕਥਾ ਅਪਣੇ ਕੋਲੋਂ ਘੜ ਲਈ। ਉਸ ਪੰਜ ਸੌਰ ਸਾਧੂਆਂ ਨੂੰ ਰੋਟੀ ਖੁਆਉਣ ਲਈ ਉਸ ਜ਼ਮਾਨੇ ਵਿਚ 5-10 ਪੈਸੇ ਹੀ ਕਾਫ਼ੀ ਸਨ ਤੇ 5-7 ਨੂੰ ਨਹੀਂ, 20 ਹਜ਼ਾਰ ਰੁਪਿਆਂ ਨਾਲ ਤਾਂ ਲੱਖ ਸਾਧੂਆਂ ਨੂੰ ਰੋਟੀ ਖਵਾਈ ਜਾ ਸਕਦੀ ਸੀ। ਐਨਾ ਵੱਡਾ 'ਬੁਧਮ ਫ਼ੋਜ' ਤਾਂ ਕਿਸੇ ਨੇ ਲੈਂਗਾ ਨਹੀਂ ਸੀ ਵੇਖਿਆ।

ਪਰ ਪਿਤਾ ਨੂੰ ਨਹੀਂ ਸੀ ਪਤਾ ਕਿ ਨਾਨਕ ਦੁਨਿਆਵੀ ਸੌਦੇ ਦਾ ਵਪਾਰ ਕਰਨ ਨਹੀਂ ਸੀ ਆਇਆ ਸਗੋਂ 'ਸਚੁ ਵਖਰੁ' ਦਾ ਵਪਾਰ ਕਰਨ ਆਇਆ ਸੀ----ਸੱਚ ਦੇ ਸੌਦੇ ਦਾ ਵਪਾਰ। ਸੱਚ ਦੇ ਸੌਦੇ ਦੇ ਵਪਾਰ ਦੇ ਅਸੂਲ ਥੜੇ ਵਖਰੇ ਹੁੰਦੇ ਹਨ---ਰੁਸੀ ਅਪਣੇ ਲਈ ਕੁੱਝ ਨਹੀਂ ਲੈਂਦਾ ਸਗੋਂ ਰੁੱਖ ਦੀ ਤਰ੍ਹਾਂ, ਦੂਜਿਆਂ ਨੂੰ ਕੁੱਝ ਦੇਂਦਾ ਹੀ ਦੇਂਦਾ ਹੈ, ਲੈਂਦਾ ਕੁੱਝ ਨਹੀਂ।

ਬਾਬੇ ਨਾਨਕ ਦੀ ਬਾਣੀ ਪੜ੍ਹਿਆਂ ਇਕ ਗੱਲ ਬੜੀ ਚੰਗੀ ਤਰ੍ਹਾਂ ਸਮਝ ਵਿਚ ਆ ਜਾਂਦੀ ਹੈ ਕਿ ਆਪ ਕਿਉਂਕਿ ਬੀਤੇ ਦੀ ਹਰ ਗੱਲ ਨੂੰ ਰੱਦ ਕਰ ਕੇ, ਅਸਲੋਂ ਨਵੀਂ ਗੱਲ ਕਹਿਂਦੇ ਸਨ, ਇਸ ਲਈ ਆਪ ਨੂੰ ਸਵਾਲ ਵੀ ਬਹੁਤ ਕੀਤੇ ਜਾਂਦੇ ਸਨ। ਬਾਬਾ ਨਾਨਕ ਜਦ ਇਹ ਕਹਿਂਦੇ ਸਨ ਕਿ ਦੁਨੀਆਂ ਵਿਚ ਕੋਈ ਫੋਟਾ ਤੇ ਕੋਈ ਵੱਡਾ ਬਣਾ ਕੇ ਨਹੀਂ ਭੇਜਿਆ ਜਾਂਦਾ ਤੇ ਸੱਭ ਬਰਾਬਰ ਹੀ ਭੇਜੇ ਜਾਂਦੇ ਹਨ -----ਤਾਂ ਪੁਰਾਤਨ ਧਰਮਾਂ ਦੇ ਅਨੁਆਈ ਅਕਸਰ ਆਪ ਨੂੰ ਸਵਾਲ ਕਰਦੇ ਸਨ---"ਬਾਬਾ ਜੀ, ਆਪ ਕਹਿਂਦੇ ਹੋ, ਧਰਤੀ ਤੇ ਆਉਣ ਵਾਲਾ ਹਰ ਮਨੁੱਖ ਬਰਾਬਰ ਹੈ ਪਰ ਅਸੀ ਆਮ ਪਾਪੀ ਮਨੁੱਖ ਉਨ੍ਹਾਂ ਭਗਤਾਂ, ਸਾਧਾਂ, ਵਲੀਆਂ, ਅਵਤਾਰਾਂ, ਬੁਧਮ-ਗਿਆਨੀਆਂ, ਦੇਵਤਿਆਂ, ਗੁਰੂਆਂ, ਨਬੀਆਂ ਦੇ ਬਰਾਬਰ ਕਿਵੇਂ ਹੋ ਗਏ ਜੋ ਸਾਡੇ ਨਾਲੋਂ ਬਹੁਤ ਬਹੁਤ ਤੇ ਬਹੁਤ ਵੱਡੇ ਹਨ ?"

ਅਪਣੀ ਲਿਖਤੀ ਬਾਣੀ ਵਿਚ ਹੀ ਬਾਬਾ ਨਾਨਕ ਜੀ ਜਵਾਬ ਦੇਂਦੇ ਹਨ ਕਿ ਨਹੀਂ, ਇਹ ਵੀ ਵੱਡੇ ਨਹੀਂ ਹਨ---ਵੱਡਾ ਕੇਵਲ ਇਕ ਪ੍ਰਮਾਤਮਾ ਹੀ ਹੈ। ਫਿਰ ਲੋਕ ਨਾਂ ਲੈ ਕੇ ਪੁਛਦੇ ਕਿ ਬ੍ਰਹਮਾ, ਵਿਸ਼ਨੂੰ, ਰਾਮਾਇਣ ਦਾ ਨਾਇਕ ਰਾਜਾ ਰਾਮ ਤਾਂ ਬਹੁਤ ਹੀ ਵੱਡੇ ਸਨ। ਬਾਬਾ ਨਾਨਕ ਅਪਣੇ ਲਿਖਤੀ ਜਵਾਬ ਵਿਚ ਕਹਿਂਦੇ ਹਨ, ਨਹੀਂ, ਇਹ ਵੀ ਵੱਡੇ ਨਹੀਂ ਸਨ। ਇਨ੍ਹਾਂ ਵਿਚ ਵੀ ਆਮ ਮਨੁੱਖਾਂ ਵਾਲੀਆਂ ਕਈ ਕਮਜ਼ੋਰੀਆਂ ਸਨ। ਵੱਡਾ ਕੇਵਲ ਉਹ ਹੈ ਜੋ ਮੰਗ ਜੰਮੇ ਵੀ ਨਾ ਤੇ ਕੇਵਲ ਦੇਣ ਵਾਲਾ ਹੀ ਹੋਵੇ, ਮੰਗਣ ਵਾਲਾ ਨਾ ਹੋਵੇ ਅਰਥਾਤ "ਦੇਦਾ ਦੇਹਿ ਲੈਦੇ ਥਕ ਪਾਹਿ ਜੁਗਾ ਜੁਗੰਤਰ ਖਾਹੀ ਖਾਹਿ ॥" ਐਸਾ ਕਿਹੜਾ ਦੇਵਤਾ ਹੈ, ਕਿਹੜਾ ਵਲੀ, ਪੀਰ, ਨਬੀ, ਗੁਰੂ, ਭਗਤ, ਸਾਧ, ਸੋਤ ਹੈ ਜਿਹੜਾ ਕੇਵਲ ਦੇਂਦਾ ਹੀ ਦੇਂਦਾ ਹੋਵੇ, ਅਪਣੇ ਲਈ ਮੰਗਦਾ ਨਾ ਹੋਵੇ ? ਰੱਬ ਤੋਂ ਬਿਨਾਂ ਹੋਰ ਕੋਈ ਵੀ ਨਹੀਂ।

ਇਸੇ ਲਈ, ਬਾਬਾ ਨਾਨਕ, ਰੱਬ ਤੋਂ ਬਿਨਾਂ ਹੋਰ ਕਿਸੇ ਨੂੰ ਵੱਡਾ ਮੰਨਦੇ ਹੀ ਨਹੀਂ ਤੇ ਵਿਅੰਗ ਕਰਦੇ ਹਨ ਉਨ੍ਹਾਂ ਉਤੇ ਜੋ ਅਪਣੇ ਆਪ ਨੂੰ 'ਮਹਾਪੁਰਸ਼' ਵੀ ਕਹਿਂਦੇ ਹਨ, ਦੁਨੀਆਂ ਦੇ ਅਗਿਆਨੀ ਲੋਕਾਂ ਦੀਆਂ ਮੁਰਾਦਾਂ ਪੂਰੀਆਂ ਕਰਨ ਦੇ ਝੂਠੇ ਲਾਰੇ ਵੀ ਲਾਉਂਦੇ ਹਨ---ਪਰ ਅਪਣੇ ਪੇਟ ਦੀ ਅੱਗ ਲਈ ਹੋਰਾਂ ਤੇ ਆਪ ਅਪਣੇ ਜੀਵਨ ਦੇ ਆਖ਼ਰੀ ਸਾਹਾਂ ਤਕ, ਅਪਣੀ ਦਸਾਂ ਨਹੁੰਆਂ ਦੀ ਕਮਾਈ, ਗ਼ਰੀਬਾਂ ਤੇ ਲੋੜਵੰਦਾਂ ਨੂੰ ਵੰਡਦਾ ਰਿਹਾ ਹੋਵੇ। ਸਾਰੀ ਦੁਨੀਆਂ ਵਿਚ ਇਹੋ ਜਿਹਾ ਮਹਾਪੁਰਸ਼ ਤੁਹਾਨੂੰ ਕੇਵਲ ਬਾਬਾ ਨਾਨਕ ਹੀ ਮਿਲ ਸਕਦਾ ਹੈ, ਹੋਰ ਕੋਈ ਨਹੀਂ।

ਇਸ ਬਾਬੇ ਨਾਨਕ ਦਾ ਨਾਂ ਵਰਤ ਕੇ, ਕਈ ਯਾਦਗਾਰਾਂ ਉਸ ਦੇ ਸਿੱਖਾਂ ਵਲੋਂ ਬਣਾਈਆਂ ਗਈਆਂ ਹਨ। ਇਨ੍ਹਾਂ ਵਿਚ ਗੁਰਦਵਾਰੇ ਵੀ ਹਨ, ਪ੍ਰਚਾਰ ਸੰਸਥਾਵਾਂ ਤੇ ਖ਼ੈਰਾਇਤੀ (ਚੈਰੀਟੇਬਲ) ਸੰਸਥਾਵਾਂ ਵੀ ਹਨ ਤੇ ਜਥੇਬੰਦੀਆਂ ਵੀ ਪਰ ਕਿਸੇ ਇਕ ਦਾ ਨਾਂ ਦਸ ਦਿਉ ਜਿਥੇ ਕੋਈ ਲੋੜਵੰਦ, ਗ਼ਰੀਬ ਤੇ ਲਾਚਾਰ ਬੰਦਾ ਪਹੁੰਚੇ ਤਾਂ ਬਾਬੇ ਨਾਨਕ ਦੇ ਸਿੱਖ, ਬਾਹਵਾਂ ਅੱਡ ਕੇ ਉਸ ਦੀ ਮਦਦ ਲਈ ਅੱਗੇ ਆ ਜਾਂਦੇ ਹੋਣ। ਨਹੀਂ ਸਗੋਂ ਉਸ ਦਾ ਅਪਮਾਨ ਕਰਨ ਤਕ ਜਾਇਆ ਜਾਂਦਾ ਹੈ ਤੇ ਜੇ ਕੋਈ 'ਚੰਗਾ ਪ੍ਰਬੰਧਕ' ਵੀ ਮਿਲ ਜਾਂਦਾ ਹੈ ਤਾਂ ਉਹ 5-10 ਰੁਪਏ ਤੋਂ ਵੱਧ ਦੀ ਮਦਦ ਨਹੀਂ ਕਰਦਾ ਜਾਂ ਵੱਧ ਤੋਂ ਵੱਧ ਲੰਗਰ 'ਚੋਂ ਦੋ ਰੋਟੀਆਂ ਦਿਵਾ ਦੇਂਦਾ ਹੈ। ਬਾਬੇ ਨਾਨਕ ਦੇ ਘਰ ਵਿਚ, ਇਸ ਤਰ੍ਹਾਂ ਕਰਨਾ, ਗ਼ਰੀਬ ਦਾ ਨਿਰਾਦਰ ਕਰਨ ਬਰਾਬਰ ਹੈ। ਇਥੇ ਤਾਂ ਉਸ ਦੀ ਪੂਰੀ ਗੱਲ ਸੁਣ ਕੇ, ਉਸ ਦਾ ਪੂਰਾ ਦੁਖ ਦੂਰ ਕਰਨ ਦਾ ਉਪਰਾਲਾ ਕਰਨਾ ਹੀ ਬਾਬੇ ਨਾਨਕ ਦਾ ਆਦੇਸ਼ ਹੈ। ਪਰ ਕਿਥੇ ਹੈ ਇਹੋ ਜਹੀ ਕੋਈ ਥਾਂ ?

'ਉੱਚਾ ਦਰ ਬਾਬੇ ਨਾਨਕ ਦਾ' ਇਸੇ ਕਮੀ ਨੂੰ ਦੂਰ ਕਰਨ ਲਈ ਹੀ ਸ਼ੁਰੂ ਕੀਤਾ ਜਾ ਰਿਹਾ ਹੈ।

'ਉੱਚਾ ਦਰ ਬਾਬੇ ਨਾਨਕ ਦਾ' ਦੇ ਸ਼ੁਰੂ ਹੋ ਜਾਣ ਨਾਲ, ਦੁਨੀਆਂ ਵਾਲੇ, ਬਾਬੇ ਨਾਨਕ ਦੇ ਫ਼ਲਸਫ਼ੇ ਦਾ ਅਮਲੀ ਪੱਖ ਵੀ ਸਾਹਮਣੇ ਵਰਤਦਾ ਵੇਖ ਲੈਣਗੇ ਜੋ ਹਜ਼ਾਰਾਂ ਲੈਕਚਰਾਂ ਤੇ ਲੱਖਾਂ ਲੇਖਾਂ ਨਾਲੋਂ ਜ਼ਿਆਦਾ ਅਸਰ ਕਰੇਗਾ। ਇਸ ਇਨਕਲਾਬੀ ਸੰਸਥਾ ਉਤੇ 50 ਕਰੋੜ 'ਚੋਂ 35 ਕਰੋੜ ਰੇਜ਼ਾਨਾ ਸਪੋਕਸਮੈਨ ਤੇ ਸਪੋਕਸਮੈਨ ਟਰੱਸਟ ਅਪਣੇ ਕੋਲੋਂ ਖ਼ਰਚ ਚੁਕੇ ਹਨ ਤੇ ਮੁਕੰਮਲ ਹੋਣ ਲਈ ਕੇਵਲ 15 ਕਰੋੜ ਹੋਰ ਚਾਹੀਦੇ ਹਨ ਪਰ ਪਾਠਕਾਂ ਦੀ ਬੇਰੁਖ਼ੀ ਵੇਖ ਕੇ ਪ੍ਰਬੰਧਕ ਵੀ ਹੈਰਾਨ ਪ੍ਰੇਸ਼ਾਨ ਹਨ।

ਪਰ ਬਾਬੇ ਨਾਨਕ ਦੇ ਮਹਾਨ ਫ਼ਲਸਫ਼ੇ ਉਤੇ ਅਮਲ ਕਰਨ ਵਾਲੀ ਇਕ ਵੀ ਥਾਂ ਨਹੀਂ ਜੋ ਇਸ ਮਹਾਨ ਫ਼ਲਸਫ਼ੇ ਨੂੰ ਅਮਲੀ ਰੂਪ ਦੇਂਦੀ ਨਜ਼ਰ ਆਵੇ !

ਦੁਨੀਆਂ ਨੇ ਹੋਰ ਵੀ ਬੜੇ ਧਰਮੀ ਰਹਿਬਰ ਪੈਦਾ ਕੀਤੇ ਹਨ ਪਰ ਕੋਈ ਰਹਿਬਰ ਐਸਾ ਨਹੀਂ ਦਸਿਆ ਜਾ ਸਕਦਾ ਜਿਸ ਨੇ ਸਾਰੀ ਉਮਰ ਇਕ ਪੈਸੇ ਦੀ ਚੀਜ਼ ਵੀ ਅਪਣੇ ਪੈਰੋਕਾਰਾਂ ਕੋਲੋਂ ਜਾਂ ਦੂਜਿਆਂ ਕੋਲੋਂ ਨਾ ਮੰਗੀ ਹੋਵੇ, ਨਾ ਲਈ ਹੋਵੇ ਤੇ ਆਪ ਅਪਣੇ ਜੀਵਨ ਦੇ ਆਖ਼ਰੀ ਸਾਹਾਂ ਤਕ, ਅਪਣੀ ਦਸਾਂ ਨਹੁੰਆਂ ਦੀ ਕਮਾਈ, ਗ਼ਰੀਬਾਂ ਤੇ ਲੋੜਵੰਦਾਂ ਨੂੰ ਵੰਡਦਾ ਰਿਹਾ ਹੋਵੇ। ਸਾਰੀ ਦੁਨੀਆਂ ਵਿਚ ਇਹੋ ਜਿਹਾ ਮਹਾਂਪੁਰਸ਼ ਤੁਹਾਨੂੰ ਕੇਵਲ ਬਾਬਾ ਨਾਨਕ ਹੀ ਮਿਲ ਸਕਦਾ ਹੈ, ਹੋਰ ਕੋਈ ਨਹੀਂ।

ਇਸ ਬਾਬੇ ਨਾਨਕ ਦਾ ਨਾਂ ਵਰਤ ਕੇ, ਕਈ ਯਾਦਗਾਰਾਂ ਉਸ ਦੇ ਸਿੱਖਾਂ ਵਲੋਂ ਬਣਾਈਆਂ ਗਈਆਂ ਹਨ। ਇਨ੍ਹਾਂ ਵਿਚ ਗੁਰਦਵਾਰੇ ਵੀ ਹਨ, ਪ੍ਰਚਾਰ ਸੰਸਥਾਵਾਂ ਤੇ ਖ਼ੈਰਾਇਤੀ (ਚੈਰੀਟੇਬਲ) ਸੰਸਥਾਵਾਂ ਵੀ ਹਨ ਤੇ ਜਥੇਬੰਦੀਆਂ ਵੀ ਪਰ ਕਿਸੇ ਇਕ ਦਾ ਨਾਂ ਦਸ ਦਿਉ ਜਿਥੇ ਕੋਈ ਲੋੜਵੰਦ, ਗ਼ਰੀਬ ਤੇ ਲਾਚਾਰ ਬੰਦਾ ਪਹੁੰਚੇ ਤਾਂ ਬਾਬੇ ਨਾਨਕ ਦੇ ਸਿੱਖ, ਬਾਹਵਾਂ ਅੱਡ ਕੇ ਉਸ ਦੀ ਮਦਦ ਲਈ ਅੱਗੇ ਆ ਜਾਂਦੇ ਹੋਣ। ਨਹੀਂ ਸਗੋਂ ਉਸ ਦਾ ਅਪਮਾਨ ਕਰਨ ਤਕ ਜਾਇਆ ਜਾਂਦਾ ਹੈ ਤੇ ਜੇ ਕੋਈ 'ਚੰਗਾ ਪ੍ਰਬੰਧਕ' ਵੀ ਮਿਲ ਜਾਂਦਾ ਹੈ ਤਾਂ ਉਹ 5-10 ਰੁਪਏ ਤੋਂ ਵੱਧ ਦੀ ਮਦਦ ਨਹੀਂ ਕਰਦਾ ਜਾਂ ਵੱਧ ਤੋਂ ਵੱਧ ਲੰਗਰ 'ਚੋਂ ਦੋ ਰੋਟੀਆਂ ਦਿਵਾ ਦੇਂਦਾ ਹੈ। ਬਾਬੇ ਨਾਨਕ ਦੇ ਘਰ ਵਿਚ, ਇਸ ਤਰ੍ਹਾਂ ਕਰਨਾ, ਗ਼ਰੀਬ ਦਾ ਨਿਰਾਦਰ ਕਰਨ ਬਰਾਬਰ ਹੈ। ਇਥੇ ਤਾਂ ਉਸ ਦੀ ਪੂਰੀ ਗੱਲ ਸੁਣ ਕੇ, ਉਸ ਦਾ ਪੂਰਾ ਦੁਖ ਦੂਰ ਕਰਨ ਦਾ ਉਪਰਾਲਾ ਕਰਨਾ ਹੀ ਬਾਬੇ ਨਾਨਕ ਦਾ ਆਦੇਸ਼ ਹੈ। ਪਰ ਕਿਥੇ ਹੈ ਇਹੋ ਜਹੀ ਕੋਈ ਥਾਂ ?

'ਉੱਚਾ ਦਰ ਬਾਬੇ ਨਾਨਕ ਦਾ' ਇਸੇ ਕਮੀ ਨੂੰ ਦੂਰ ਕਰਨ ਲਈ ਹੀ ਸ਼ੁਰੂ ਕੀਤਾ ਜਾ ਰਿਹਾ ਹੈ।

'ਉੱਚਾ ਦਰ ਬਾਬੇ ਨਾਨਕ ਦਾ' ਦੇ ਸ਼ੁਰੂ ਹੋ ਜਾਣ ਨਾਲ, ਦੁਨੀਆਂ ਵਾਲੇ, ਬਾਬੇ ਨਾਨਕ ਦੇ ਫ਼ਲਸਫ਼ੇ ਦਾ ਅਮਲੀ ਪੱਖ ਵੀ ਸਾਹਮਣੇ ਵਰਤਦਾ ਵੇਖ ਲੈਣਗੇ ਜੋ ਹਜ਼ਾਰਾਂ ਲੈਕਚਰਾਂ ਤੇ ਲੱਖਾਂ ਲੇਖਾਂ ਨਾਲੋਂ ਜ਼ਿਆਦਾ ਅਸਰ ਕਰੇਗਾ। ਇਸ ਇਨਕਲਾਬੀ ਸੰਸਥਾ ਉਤੇ 50 ਕਰੋੜ 'ਚੋਂ 35 ਕਰੋੜ ਰੇਜ਼ਾਨਾ ਸਪੋਕਸਮੈਨ ਤੇ ਸਪੋਕਸਮੈਨ ਟਰੱਸਟ ਅਪਣੇ ਕੋਲੋਂ ਖ਼ਰਚ ਚੁਕੇ ਹਨ ਤੇ ਮੁਕੰਮਲ ਹੋਣ ਲਈ ਕੇਵਲ 15 ਕਰੋੜ ਹੋਰ ਚਾਹੀਦੇ ਹਨ ਪਰ ਪਾਠਕਾਂ ਦੀ ਬੇਰੁਖ਼ੀ ਵੇਖ ਕੇ ਪ੍ਰਬੰਧਕ ਵੀ ਹੈਰਾਨ ਪ੍ਰੇਸ਼ਾਨ ਹਨ।

ਅਮਨਪ੍ਰੀਤ ਕੌਰ

ਨੌਜੁਆਨ ਕੁੜੀ ਅਮਨਪ੍ਰੀਤ ਕੌਰ ਦੇ ਮੂੰਹ ਤੇ ਤੇਜ਼ਾਬ ਸੁਟ ਕੇ, ਉਸ ਦਾ ਚਿਹਰਾ ਵਿਗਾੜ ਦਿਤਾ ਕਿਸੇ ਮੰਦ-ਬੁਧੀ ਵਾਲੇ ਬੰਦੇ ਨੇ। ਕਿਥੇ ਜਾ ਕੇ ਉਹ ਅਪਣਾ ਦੁੱਖ ਦੱਸੇ ਤੇ ਮੰਗ ਕਰੇ ਕਿ ਉਸ ਦੀ ਪੂਰੀ ਮਦਦ ਕੀਤੀ ਜਾਵੇ ਤਾਕਿ ਉਹ ਜੀਵਨ ਜਿਊਣ ਜੋਗੀ ਹੋ ਸਕੇ ਤੇ ਉਸ ਦੇ ਮਾਪੇ, ਦਿਨ ਰਾਤ ਹਉਕੇ ਭਰਦੇ ਹੀ ਨਾ ਚਲ ਵਸਣ ? ਬਾਬੇ ਨਾਨਕ ਦੇ ਪੈਰੋਕਾਰਾਂ ਕੋਲ ਵੀ ਕੋਈ ਅਜਿਹੀ ਥਾਂ ਨਹੀਂ !

ਰਾਜਬੀਰ ਸਿੰਘ

ਰਾਜਬੀਰ ਸਿੰਘ ਨੂੰ ਲਿਖਣਾ ਵੀ ਚੰਗਾ ਆਉਂਦਾ ਹੈ ਪਰ ਘਰ ਦਾ ਗੁਜ਼ਾਰਾ ਚਲਾਉਣ ਲਈ ਉਸ ਨੂੰ ਅੰਮ੍ਰਿਤਸਰ ਵਿਚ ਰਿਕਸ਼ਾ ਚਲਾਉਣਾ ਪੈਂਦਾ ਹੈ। ਕੋਈ ਹੈ ਥਾਂ ਜਿਥੇ ਜਾ ਕੇ ਉਹ ਮਾਣ ਨਾਲ ਕਹਿ ਸਕੇ ਕਿ ਉਸ ਦੀ ਦੋ ਤਿੰਨ ਲੱਖ ਦੀ ਮਦਦ ਇਕੋ ਵਾਰ ਕਰ ਦਿਤੀ ਜਾਵੇ ਤਾਂ ਉਹ ਸਮਾਜ, ਪੰਥ ਤੇ ਸਾਹਿਤ ਦੀ ਜ਼ਿਆਦਾ ਚੰਗੀ ਸੇਵਾ ਕਰ ਸਕਦਾ ਹੈ ? ਕੋਈ ਥਾਂ ਉਸ ਨੂੰ ਨਜ਼ਰ ਨਹੀਂ ਆ ਰਹੀ, ਇਸ ਲਈ ਉਹ ਬੀਮਾਰੀ ਦੀ ਹਾਲਤ ਵਿਚ ਵੀ ਤੇ ਕਲਮ ਦਾ ਧਨੀ ਹੁੰਦਾ ਹੋਇਆ ਵੀ, ਰਿਕਸ਼ੇ ਉਤੇ ਸਵਾਰੀਆਂ ਲੱਦਣ ਤੇ ਰਿਕਸ਼ੇ ਨੂੰ ਟਾਂਗੇ ਦੇ ਘੋੜੇ ਵਾਂਗ ਖਿੱਚਣ ਲਈ ਮਜਬੂਰ ਹੈ।

ਬੜੇ ਲਾਇਕ ਤੇ ਹੁਸ਼ਿਆਰ ਬੱਚੇ ਹਨ ਜੋ ਥੋੜੀ ਜਹੀ ਲਗਾਤਾਰ ਮਦਦ ਮਿਲਣ ਨਾਲ ਚੰਗੇ ਸਾਇੰਸਦਾਨ ਬਣ ਕੇ ਨਾਂ ਕਮਾ ਸਕਦੇ ਹਨ ਤੇ ਸਮਾਜ ਦਾ ਬਹੁਤ ਵੱਡਾ ਭਲਾ ਕਰ ਸਕਦੇ ਹਨ ਪਰ ਉਨ੍ਹਾਂ ਦੇ ਮਾਪਿਆਂ ਕੋਲ ਪੈਸੇ ਨਹੀਂ ਹਨ। ਹੈ ਕੋਈ ਥਾਂ ਜਿਥੇ ਉਹ ਇਹ ਆਸ ਲੈ ਕੇ ਜਾ ਸਕਦੇ ਹੋਣ ਕਿ ਉਥੇ ਉਨ੍ਹਾਂ ਦੀ ਏਨੀ ਕੁ ਮਦਦ ਕਰ ਦਿਤੀ ਜਾਵੇਗੀ ਜਿਸ ਨਾਲ ਉਹ ਅਪਣੇ ਸੁਪਨੇ ਸਾਕਾਰ ਕਰ ਸਕਣਗੇ ? ਨਹੀਂ ਉਨ੍ਹਾਂ ਨੂੰ ਬਾਬੇ ਨਾਨਕ ਦੇ ਘਰ ਵਿਚ ਵੀ ਅਜਿਹੀ ਕੋਈ ਥਾਂ ਨਹੀਂ ਮਿਲਦੀ।

ਹਜ਼ਾਰਾਂ ਅਜਿਹੀਆਂ ਕੁੜੀਆਂ ਹਨ ਪੰਜਾਬ ਵਿਚ ਜਿਨ੍ਹਾਂ ਦੇ ਮਾਪਿਆਂ ਕੋਲ ਦੇਣਾ ਪੈਸਾ ਨਹੀਂ ਕਿ ਉਨ੍ਹਾਂ ਦਾ ਵਿਆਹ ਕਰ ਸਕਣ ਤੇ ਹਜ਼ਾਰਾਂ ਅਜਿਹੇ ਲਾਚਾਰ ਲੋਕ ਹਨ ਜਿਨ੍ਹਾਂ ਕੋਲ